Surrey Schools
LEADERSHIP IN LEARNING

Tel: 604.596.7733
www.sd36.bc.ca

# ਸਕੂਲ ਤੋਂ ਦਿੱਤੇ ਕੰਮ ਦੀ ਵਿਸ਼ੇਸ਼ਤਾ ਨਾਂ ਕਿ ਮਿਕਦਾਰ

## Homework: quality, not quantity

ਸਕੂਲ ਤੋਂ ਘਰ ਲਈ ਦਿੱਤਾ ਗਿਆ ਕੰਮ ਵਿਦਿਆਰਥੀਆਂ ਦੀ ਜਿੰਦਗੀ ਦਾ ਇੱਕ ਸੱਚ ਹੈ । ਆਮ ਤੌਰ ਤੇ ਇਹ ਵਿਸ਼ਵਾਸ਼ ਹੈ ਕਿ ਬੱਚੇ ਦੀ ਸਫਲਤਾ ਸਕੂਲ ਤੋਂ ਮਿਲੇ ਕੰਮ ਉਪਰ ਨਿਰਭਰ ਹੈ ਕਿ ਜ਼ਿਆਦਾ ਕੰਮ ਨਾਲ ਬੱਚਾ ਜ਼ਿਆਦਾ ਕਾਮਯਾਬ ਹੋਵੇਗਾ । ਲੇਕਿਨ ਇਸ ਖੇਤਰ ਵਿੱਚ ਹੋਈ ਖੋਜ ਇਸ ਵਿਚਾਰ ਨੂੰ ਨਹੀਂ ਮਨੰਦੀ । ਕਾਫੀ ਖੋਜ ਸਗੋਂ ਇਸ ਵਿਚਾਰ ਦੀ ਨਿਖੇਧੀ ਕਰਦੀ ਹੈ ।

ਪ੍ਰਾਇਮਰੀ ਸਕੂਲਾਂ ਵਿੱਚ ਖਾਸ ਕਰਕੇ, ਖੋਜ ਇਹ ਸਿੱਧ ਕਰਦੀ ਹੈ ਕਿ ਘਰ ਦਿੱਤੇ ਗਏ ਕੰਮ ਨਾਲ ਬੱਚੇ ਦੀ ਤਰੱਕੀ ਉਪਰ ਕੋਈ ਵੀ ਨਹੀਂ ਜਾਂ ਬਹੁਤ ਹੀ ਥੋੜਾ ਅਸਰ ਹੈ । ਇਹਦਾ ਮਤਲਬ ਇਹ ਨਹੀਂ ਕਿ ਘਰ ਕਰਨ ਲਈ ਕੰਮ ਨਹੀਂ ਦਿੱਤਾ ਜਾਣਾ ਚਾਹੀਦਾ, ਪਰਤੂੰ ਜਦੋਂ ਬੱਚੇ ਆਪਣੀ ਸਿੱਖਿਆ ਬਾਰੇ ਆਪਣੇ ਅਧਿਆਪਕ ਨਾਲ ਵਿਚਾਰ ਕਰਦੇ ਹਨ ਅਤੇ ਅਧਿਆਪਕ ਦੀ ਅਗਵਾਈ ਨਾਲ ਸਿੱਖਦੇ ਹਨ ਤਾਂ ਓਹ ਜ਼ਿਆਦਾ ਵਧੀਆਂ ਸਿੱਖਦੇ ਹਨ ।

### ਜ਼ਿਆਦਾ ਮਿਕਦਾਰ ਦੇ ਕੰਮ ਨਾਲੋਂ ਦਿੱਤੀ ਗਏ ਕੰਮ ਨਾਲੋਂ ਕੰਮ ਦੀ ਵਿਸ਼ੇਸ਼ਤਾ ਜ਼ਿਆਦਾ ਜ਼ਰੂਰੀ ਹੈ ।

ਘਰ ਵਿੱਚ ਛੋਟੇ ਬੱਚਿਆਂ ਨਾਲ ਬੈਠ ਕਿ ਪੜ੍ਹਨਾ ਅਤੇ ਓਹਨਾਂ ਨੂੰ ਪੜ੍ਹ ਕਿ ਸੁਣਾਓਣਾ, ਵਿਚਾਰ ਵਿਟਾਂਦਰਾ ਕਰਨਾ, ਬੈਠ ਕਿ ਗੇਮਾਂ ਖੇਲਣੀਆਂ ਅਤੇ ਘਰ ਦੇ ਕੰਮਾਂ ਵਿੱਚ ਬੱਚਿਆਂ ਤੋਂ ਹੱਥ ਵਟਵਾਓਣਾ ਜ਼ਿਆਦਾ ਲਾਭਦਾਇਕ ਸਿੱਧ ਹੋਣਗੇ । ਹਾਈ ਸਕੂਲ ਵਿੱਚ, ਖੋਜ ਨੇ ਦਰਸਾਇਆ ਹੈ ਕਿ ਸਕੂਲ ਵਲੋਂ ਦਿੱਤਾ ਕੰਮ ਬੱਚੇ ਦੀ ਤਰੱਕੀ ਲਈ ਲਾਭਦਾਇਕ ਸਿੱਧ ਹੋਏਗਾ ਲੇਕਿਨ ਜ਼ਿਆਦਾ ਕੰਮ ਦੇਣ ਜਾਂ ਕਰਨ ਨਾਲ ਇਹ ਨਹੀਂ ਜ਼ਰੂਰੀ ਕਿ ਵਧੀਆ ਨੰਬਰ ਆਓਣਗੇ । ਸਕੂਲ ਵਲੌਂ ਦਿੱਤੇ ਗਏ ਕੰਮ ਦੀ ਮਿਕਦਾਰ ਨਹੀਂ ਸਗੋਂ ਵਿਸ਼ੇਸ਼ਤਾ ਜ਼ਿਆਦਾ ਜ਼ਰੂਰੀ ਹੈ ।

### ਵਿਸ਼ੇਸ਼ ਕੰਮ ਕੀ ਹੈ ?

- ਜਿਹੜਾ ਜੋ ਕਲਾਸ ਵਿੱਚ ਹੋ ਰਿਹਾ ਹੈ ਓਹਨੂੰ ਹੋਰ ਵਿਸਥਾਰ ਨਾਲ ਪੇਸ਼ ਕਰੇ
- ਜਿਹੜਾ ਬੱਚੇ ਦੀ ਅਤੇ ਹੁਣ ਚਲ ਰਹੀ ਜਿੰਦਗੀ ਨਾਲ ਸਬਧੰਤ ਹੋਵੇ
- ਜਿਹੜਾ ਬੱਚੇ ਦੀ ਆਪਣੀ ਸਿੱਖਿਆ ਦੀ ਲੋੜ ਨਾਲ ਸਬੰਧਤ ਹੋਵੇ
- ਜਿਹੜਾ ਓਦੇਸ਼ ਸਬਧੰਤ ਹੋਵੇ, ਮਤਲਬ ਜੋ ਸਿੱਖਣ ਦੇ ਟੀਚੇ ਹਨ ਓਨ੍ਹਾਂ ਨਾਲ ਜੁੜਿਆ ਹੋਵੇ
- ਜਿਹੜਾ ਬੱਚੇ ਨੂੰ ਸਿੱਖਿਆ ਦੇ ਟੀਚਿਆਂ ਲਈ ਚੁਣਵਾ ਹੋਵੇ
- ਜਿਹੜਾ ਬੱਚਿਆਂ ਦੇ ਸਮਝਣ ਦੀ ਮੁਲਾਂਕਣਾ ਦੱਸੇ ਨਾ ਕਿ ਬੱਚੇ ਨੂੰ ਕੋਈ ਦਰਜਾ ਪ੍ਰਦਾਨ ਕਰੇ
- ਜਿਹੜਾ ਕੰਮ ਦੀ ਮੁਕਮਲਤਾ ਕਰਨ ਦੀ ਸਾਫ ਤਜ਼ਵੀਜ਼ ਦੱਸੇ
- ਜਿਹੜਾ ਬਾਕੀ ਪ੍ਰੀਵਾਰ ਦੇ ਮੈਂਬਰਾਂ ਜਾ ਘਰ ਵਿੱਚ ਸ਼ਾਮਿਲ ਵਸਤੂਆਂ ਨਾਲ ਸਬਧੰਤ ਹੋਵੇ ।

### ਮੈਂ ਆਪਣੇ ਬੱਚੇ ਦੀ ਕਿਸ ਤਰਾਂ ਮਦਦ ਕਰ ਸਕਦਾ ਹਾਂ ?

ਬੱਚੇ ਨਾਲ ਦਿੱਤੇ ਗਏ ਕੰਮ ਦੀ ਵਿਚਾਰ ਕਰੋ । ਦਿੱਤੇ ਗਏ ਕੰਮ ਬਾਰੇ ਬੱਚੇ ਨੂੰ ਸਵਾਲ ਕਰੋ ਅਤੇ ਓਹਦੀ ਸਮਝ ਬਾਰੇ ਪੁੱਛੋ ਕਿ ਓਹ ਇਹ ਕੰਮ ਕਿਸ ਤਰਾਂ ਮੁਕਮੰਲ ਕਰੇਗਾ । ਮਦਦ ਕਰੋ ਜਦੋ ਬੱਚਾ ਮਿੱਥੇ ਹੋਏ ਟੀਚਿਆਂ ਨੂੰ ਪੂਰਾ ਕਰ ਸਕੇ ।

### ਮੇਰੇ ਬੱਚੇ ਨੂੰ ਕਿੰਨਾ ਕੁ ਘਰ ਲਈ ਦਿੱਤਾ ਕੰਮ ਕਰਨਾ ਚਾਹੀਦਾ ਹੈ ?

ਇਹ ਕਈ ਪੱਖਾਂ ਓਪਰ ਨਿਰਭਰ ਹੈ । ਇੱਕ ਬੱਚੇ ਨੂੰ 20 ਮਿੰਟ ਵਿੱਚ ਕੰਮ ਮੁਕਮਲ ਕਰਨ ਲਈ ਲੱਗ ਸਕਦੇ ਹਨ ਅਤੇ ਦੂਸਰੇ ਨੂੰ 50 ਮਿੰਟ । ਚੋਥੀ ਕਲਾਸ ਤੋਂ ਓਪਰ ਵਾਲੀਆਂ ਕਲਾਸਾਂ ਲਈ, ਖੋਜ ਇਹ ਕਹਿੰਦੀ ਹੈ ਕਿ ਥੋੜੇ ਸਮੇਂ ਦਾ ਲੇਕਿਨ ਕੁਆਲਿਟੀ ਭਰਪੂਰ ਕੰਮ ਜ਼ਿਆਦਾ ਮਦਦਗਾਰ ਹੈ । ਘਰ ਮਿਲੇ ਕੰਮ ਲਈ ਸਮਾਂ ਅੱਜ ਕਲ੍ਹ ਦੀ ਜ਼ਿੰਦਗੀ ਵਿੱਚ ਚਲ ਰਹੇ ਜੀਵਨ ਨਾਲ ਸੰਤੁਲਨ ਚਾਹੀਦਾ ਹੈ ।